# Mini Booklet Solution ਅਧਿਆਇ -9 ਖੇਤਰਮਿਤੀ

**1. ਸਮਲੰਬ ਚਤੁਰਭੁਜ ਦੀ ਦੂਜੀ ਭੁਜਾ ਪਤਾ ਕਰੋ ਜੇਕਰ ਇਸਦਾ ਖੇਤਰਫਲ 480 $m^2$ ਅਤੇ ਇੱਕ ਸਮਾਂਤਰ ਭੁਜਾ 15 m ਹੈ ਅਤੇ ਇਹਨਾਂ ਵਿਚਕਾਰ ਦੂਰੀ 20m ਹੈ।**

**ਹੱਲ :**

ਇੱਥੇ ਸਮਲੰਬ ਚਤੁਰਭੁਜ ਦੀ ਇੱਕ ਸਮਾਂਤਰ ਭੁਜਾ a = 20 m.
ਮੰਨ ਲਓ ਦੂਜੀ ਸਮਾਂਤਰ ਭੁਜਾ = b
ਸਮਾਂਤਰ ਭੁਜਾਵਾਂ ਵਿਚਕਾਰ ਦੂਰੀ (h) = 15 m.
ਸਮਲੰਬ ਚਤੁਰਭੁਜ ਦਾ ਖੇਤਰਫਲ = 480 $m^2$.

ਸਮਲੰਬ ਚਤੁਰਭੁਜ ਦਾ ਖੇਤਰਫਲ = $\frac{1}{2} \times (a + b) \times h$

$$\therefore \quad 480 = \frac{1}{2} \times (20 + b) \times 15$$

$$20 + b = \frac{480 \times 2}{15} = 64$$

$$b = 64 - 20 = 44 \text{ m}$$

ਇਸ ਲਈ, ਸਮਲੰਬ ਚਤੁਰਭੁਜ ਦੀ ਦੂਜੀ ਸਮਾਂਤਰ ਭੁਜਾ = 44 m.

**2. ਇੱਕ ਰੋਡ ਰੋਲਰ ਸੜਕ ਨੂੰ ਪੱਧਰਾ ਕਰਨ ਲਈ 750 ਚੱਕਰ ਲਗਾਉਂਦਾ ਹੈ। ਸੜਕ ਦਾ ਪੱਧਰਾ ਕੀਤਾ ਖੇਤਰਫਲ ਪਤਾ ਕਰੋ ਜੇਕਰ ਰੋਡ ਰੋਲਰ ਦਾ ਵਿਆਸ 84 cm ਅਤੇ ਲੰਬਾਈ 1m ਹੋਵੇ।**

**ਹੱਲ :**

ਰੋਡ ਰੌਲਰ ਦਾ ਵਿਆਸ = 84 cm

$\therefore$ ਰੋਡ ਰੌਲਰ ਦਾ ਅਰਧ ਵਿਆਸ = $\frac{84}{2} = 42\text{cm}$

ਰੋਡ ਰੌਲਰ ਦੀ ਲੰਬਾਈ (h) = 1m = 100cm

750 ਚੱਕਰਾਂ ਵਿੱਚ ਰੋਡ ਰੌਲਰ ਵਲੋਂ ਪੱਧਰਾ ਕੀਤੀ ਸੜਕ ਦਾ ਖੇਤਰਫਲ = 750 × ਰੋਲਰ ਦੀ ਵਕਰ ਸਤ੍ਹਾ ਦਾ ਖੇਤਰਫਲ

$\Rightarrow$ $= 750 \times 2\pi rh$

$= 750 \times 2 \times \frac{22}{7} \times 42 \times 100$

$= 19800000 \text{ cm}^2$

$= 19800000\text{cm}^2 = \frac{19800000}{100 \times 100} \text{m}^2$

$= 1980\text{m}^2$

**3. ਸਿਲੰਡਰ ਦੀ ਉੱਚਾਈ ਪਤਾ ਕਰੋ ਜਿਸਦਾ ਅਰਧ ਵਿਆਸ 7 cm ਅਤੇ ਕੁੱਲ ਸਤ੍ਹਾ ਦਾ ਖੇਤਰਫਲ 968 $cm^2$ ਹੋਵੇ।**

**ਹੱਲ :**

ਸਿਲੰਡਰ ਦੀ ਕੁੱਲ ਸਤ੍ਹਾ ਦਾ ਖੇਤਰਫਲ = 968 $cm^2$

ਸਿਲੰਡਰ ਦਾ ਅਰਧ ਵਿਆਸ = 7 cm

ਸਿਲੰਡਰ ਦੀ ਕੁੱਲ ਸਤ੍ਹਾ ਦਾ ਖੇਤਰਫਲ $= 2\pi r(r + h)$

$$968 = 2 \times \frac{22}{7} \times 7 \, (7+h)$$

$$\frac{968 \times 7}{2 \times 22 \times 12} = 7 + h$$

22 = 7 + h = h =22-7=15

ਸਿਲੰਡਰ ਦੀ ਉਚਾਈ = 15 cm ਉੱਤਰ

**4. ਇੱਕ ਖਾਲੀ ਸਿਲੰਡਰ ਦੀ ਵਕਰ ਸਤਾ ਦਾ ਖੇਤਰਫਲ 4224cm² ਹੈ। ਇਸ ਨੂੰ ਇਸਦੀ ਉਚਾਈ ਦੇ ਨਾਲ ਨਾਲ ਕੱਟ ਲਿਆ ਗਿਆ ਹੈ ਅਤੇ 33 ਸਮ ਇੱਕ ਆਇਤਕਾਰ ਸ਼ੀਟ ਵਿੱਚ ਬਦਲ ਦਿੱਤਾ ਹੈ। ਸ਼ੀਟ ਦਾ ਪਰਿਮਾਪ ਪਤਾ ਕਰੋ।**

**ਹੱਲ :**

ਸਿਲੰਡਰ ਦੀ ਸਤ੍ਹਾ ਦਾ ਖੇਤਰਫਲ = 4224 $cm^2$

ਆਧਾਰ ਦਾ ਘੇਰਾ × ਉੱਚਾਈ =4224 ਆਧਾਰ ਦਾ ਘੇਰਾ x 33 = 4224 4224 ਆਧਾਰ ਦਾ ਘੇਰਾ 33 ਆਧਾਰ ਦਾ ਘੇਰਾ = 128 cm

ਆਧਾਰ ਦਾ ਘੇਰਾ = ਆਇਤ ਦੀ ਲੰਬਾਈ = 128 cm

ਇਸ ਲਈ ਆਇਤਕਾਰ ਸ਼ੀਟ ਦਾ ਪਰਿਮਾਪ= 2(l + b) =2(128+33)=2× 161=322 cm

**5. ਇੱਕ 11 cm × 4 cm ਵਾਲੇ ਆਇਤਕਾਰ ਕਾਗਜ਼ ਨੂੰ ਮੋੜ ਕੇ 4 cm ਉਚਾਈ ਦਾ ਇੱਕ ਸਿਲੰਡਰ ਬਣਾਇਆ ਗਿਆ ਹੈ। ਸਿਲੰਡਰ ਦਾ ਆਇਤਨ ਪਤਾ ਕਰੋ।**

**ਹੱਲ :**

ਕਾਗਜ਼ ਦੀ ਲੰਬਾਈ ਸਿਲੰਡਰ ਦੇ ਆਧਾਰ ਦਾ ਪਰਿਮਾਪ ਬਣ ਜਾਂਦੀ ਹੈ

ਅਤੇ ਚੌੜਾਈ ਸਿਲੰਡਰ ਦੀ ਉਚਾਈ ਬਣ ਜਾਂਦੀ ਹੈ।

ਮੰਨ ਲਓ ਸਿਲੰਡਰ ਦਾ ਅਰਧ ਵਿਆਸ = 1 cm

ਸਿਲੰਡਰ ਦੀ ਉਚਾਈ = 4 cm ਹੈ।

ਸਿਲੰਡਰ ਦੇ ਆਧਾਰ ਦਾ ਪਰਿਮਾਪ = ਚੱਕਰ ਦਾ ਘੇਰਾ ⇒ $2\pi\tau = 11$

$$2 \times \frac{22}{7} \times r = 11 \Rightarrow \quad r = \frac{7}{4} \text{ cm}$$

ਸਿਲੰਡਰ ਦਾ ਆਇਤਨ $V = \pi r^2 h$

$$= \left(\frac{22}{7} \times \frac{7}{4} \times \frac{7}{4} \times 4\right) \text{ cm}^3 = 38.5 \text{ cm}^3$$

**6. ਵਾਸੂ 15m ×10m ×7m ਅਕਾਰ ਦੇ ਘਣਾਵ ਅਕਾਰ ਹਾਲ ਦੀ ਛੱਤ ਅਤੇ ਕੰਧਾਂ ਨੂੰ ਪੇਂਟ ਕਰਨਾ ਚਾਹੁੰਦਾ ਹੈ। ਪੇਂਟ ਦੇ ਇੱਕ ਡੱਬੇ ਵਿੱਚੋਂ 100m² ਪੇਂਟ ਹੋ ਸਕਦਾ ਹੈ। ਪੇਂਟ ਦੇ ਕਿੰਨੇ ਡੱਬੇ ਲੋੜੀਂਦੇ ਹੋਣਗੇ ?**

**ਹੱਲ :** ਹਾਲ ਦਾ ਮਾਪ: 15m 10m x 7m

ਕਿਉਂਕਿ ਕੰਧਾਂ ਅਤੇ ਛੱਤ ਨੂੰ ਪੇਂਟ ਕੀਤਾ ਜਾਣਾ ਹੈ

ਇਸ ਲਈ : ਹਾਲ ਦਾ ਪੇਂਟ ਕੀਤਾ ਜਾਣ ਵਾਲਾ ਖੇਤਰਫਲ = 4 ਕੰਧਾ ਦਾ ਖੇਤਰਫਲ + ਛੱਤ ਦਾ ਖੇਤਰਫਲ

$= 2(l + b) \times h + lb = 2(15 + 10) \times 7 + 15 \times 10 = = 500m^2$

ਕੁੱਲ ਸਤ੍ਹਾ ਦਾ ਖੇਤਰਫਲ = $500m^2$

ਪੇਂਟ ਦੇ ਇੱਕ ਡੱਬੇ ਨਾਲ ਪੇਂਟ ਕੀਤਾ ਜਾਣ ਵਾਲਾ ਖੇਤਰਫਲ = 100 $m^2$

ਡੱਬਿਆਂ ਦੀ ਗਿਣਤੀ $= \frac{500}{100} = 5$ ਇਸ ਲਈ ਕਮਰੇ ਨੂੰ ਰੰਗ ਕਰਨ ਲਈ 5 ਡੱਬੇ ਲੋੜੀਂਦੇ ਹੋਣਗੇ।

ਪੇਪਰਾਂ ਦੀ ਵਧੀਆ ਤਿਆਰੀ ਲਈ ਅੱਜ ਹੀ Mini Booklet ਖਰੀਦੋ। Ph : 94179-33882

**7. ਇੱਕ ਘਣਾਵ ਦੇ ਆਕਾਰ ਦੇ ਗੋਦਾਮ ਦਾ ਮਾਪ 60m × 54cm × 30m ਹੈ। ਅਜਿਹੇ ਕਿੰਨੇ ਘਣ ਆਕਾਰ ਦੇ ਬਕਸੇ ਗੋਦਾਮ ਵਿੱਚ ਸਟੋਰ ਕੀਤੇ ਜਾ ਸਕਦੇ ਹਨ ਜੇਕਰ ਹਰੇਕ ਬਕਸੇ ਦੀ ਭੁਜਾ 6cm ਹੋਵੇ ?**

**ਹੱਲ :**

ਘਣਾਵ ਦਾ ਆਇਤਨ = $(60 \times 54 \times 30)\ cm^3 = 97200\ cm^3$

ਘਣ ਦਾ ਆਇਤਨ = $(6 \times 6 \times 6)\ cm^3 = 216\ cm^3$

ਛੋਟੇ ਘਣ ਜੋ ਘਣਾਵ ਵਿੱਚ ਰੱਖੇ ਜਾ ਸਕਦੇ ਹਨ = $\frac{\text{ਘਣਾਵ ਦਾ ਆਇਤਨ}}{\text{ਘਣ ਦਾ ਆਇਤਨ}} = \frac{97200}{216} = 450$

**8. ਸੰਦੀਪ ਕੋਲ ਇੱਕ ਵਰਗਾਕਾਰ ਪਲਾਟ ਹੈ ਜਿਸਦਾ ਮਾਪ ਚਿੱਤਰ ਵਿੱਚ ਦਿੱਤਾ ਹੋਇਆ ਹੈ। ਉਹ ਪਲਾਟ ਦੇ ਮੱਧ ਵਿੱਚ ਇੱਕ ਘਰ ਅਤੇ ਘਰ ਦੇ ਆਲੇ ਦੁਆਲੇ ਇੱਕ ਬਗੀਚਾ ਬਣਾਉਣਾ ਚਾਹੁੰਦਾ ਹੈ। ₹60 ਪ੍ਰਤੀ ਵਰਗ ਮੀਟਰ ਦੀ ਦਰ ਨਾਲ ਬਗੀਚਾ ਬਣਾਉਣ ਦਾ ਖ਼ਰਚ ਪਤਾ ਕਰੋ।**




**ਹੱਲ :**

ਵਰਗਾਕਾਰ ਪਾਰਕ ਦੀ ਭੁਜਾ = AB = 25m

ਵਰਗਾਕਾਰ ਪਾਰਕ ਦਾ ਖੇਤਰਫਲ = ਭੁਜਾ × ਭੁਜਾ = $(25 \times 25)m^2 = 625m^2$

EF = 20 $m^2$

ਘਰ ਦੀ ਲੰਬਾਈ = EF = 20 m

ਘਰ ਦੀ ਚੌੜਾਈ – FG = 15 m

ਘਰ ਦਾ ਖੇਤਰਫਲ = $l \times b = (20 \times 15)\ m^2 = 300\ m^2$

ਬਗੀਚੇ ਦਾ ਖੇਤਰਫਲ = ਵਰਗਾਕਾਰ ਬਗੀਚੇ ਦਾ ਖੇਤਰਫਲ – ਘਰ ਦਾ ਖੇਤਰਫਲ

= $(625-300)m^2 = 325m^2$

$1m^2$ ਬਗੀਚਾ ਬਣਾਉਣ ਦਾ ਖਰਚ = ₹60

$325m^2$ ਬਗੀਚਾ ਬਣਾਉਣ ਦਾ ਖਰਚ = 325 × 60 = ₹ 19500




**9. ਮਨੂੰ ਆਪਣੇ ਕਮਰੇ ਨੂੰ ਰੰਗ ਕਰਵਾਉਣਾ ਚਾਹੁੰਦਾ ਹੈ। ਜੇਕਰ ਉਸਦੇ ਕਮਰੇ ਦਾ ਮਾਪ 20m × 12m ×15m ਹੋਵੇ ਤਾਂ 6 ਪ੍ਰਤੀ ਵਰਗ ਮੀਟਰ ਦੀ ਦਰ ਨਾਲ ਫ਼ਰਸ਼ ਨੂੰ ਛੱਡ ਕੇ ਕਮਰੇ ਨੂੰ ਰੰਗ ਕਰਵਾਉਣ ਦਾ ਖ਼ਰਚ ਪਤਾ ਕਰੋ।**

**ਹੱਲ :** ਕਮਰੇ ਦੀ ਲੰਬਾਈ = l = 20 m, ਕਮਰੇ ਦੀ ਚੌੜਾਈ = b = 12m

ਕਮਰੇ ਦੀ ਉਚਾਈ = h = 15m

ਕਮਰੇ ਦਾ ਰੰਗ ਕੀਤੇ ਜਾਣ ਵਾਲਾ ਖੇਤਰਫਲ

= 4 ਕੰਧਾਂ ਦਾ ਖੇਤਰਫਲ + ਛੱਤ ਦਾ ਖੇਤਰਫਲ

$= 2(l+b)h + l \times b$

$= [2\ (20+12) \times 15 + 20 \times 12]m^2$

$= [2 \times 32 \times 15 + 240]m^2$

$= [960 + 240]m^2 = 1200m^2$

$1m^2$ ਥਾਂ 'ਤੇ ਰੰਗ ਕਰਵਾਉਣ ਦਾ ਖਰਚ = ₹6

1200 $m^2$ ਥਾਂ 'ਤੇ ਰੰਗ ਕਰਵਾਉਣ ਦਾ ਖਰਚ = ₹1200 × 6 = ₹7200 **ਉੱਤਰ**

ਪੇਪਰਾਂ ਦੀ ਵਧੀਆ ਤਿਆਰੀ ਲਈ ਅੱਜ ਹੀ Mini Booklet ਖਰੀਦੋ। Ph : 94179-33882